# ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ

## ਬੀ.ਐਸ.ਸੀ. ਨਰਸਿੰਗ (ਸੈਸ਼ਨ-2026) ਲਈ ਆਨਲਾਈਨ ਕਾਊਂਸਲਿੰਗ ਦੌਰਾਨ Preferences/Choices ਭਰਨ ਸਬੰਧੀ ਜ਼ਰੂਰੀ ਹਦਾਇਤਾਂ

1. ਮਿਤੀ 08/07/2026 ਤੋਂ 15/07/2026 ਤੱਕ ਉਮੀਦਵਾਰਾਂ ਤੋਂ ਕਾਲਜ, ਕੋਟਾ ਅਤੇ ਕੈਟਾਗਰੀ ਦੀਆਂ Preferences/Choices ਆਨਲਾਈਨ ਪ੍ਰਾਪਤ ਕੀਤੀਆਂ ਜਾਣਗੀਆਂ।
2. ਉਮੀਦਵਾਰਾਂ ਨੂੰ ਉਨ੍ਹਾਂ ਦੀ ਮੈਰਿਟ ਅਤੇ ਉਨ੍ਹਾਂ ਵੱਲੋਂ ਭਰੀਆਂ Preferences/Choices ਦੇ ਆਧਾਰ 'ਤੇ ਕੰਪਿਊਟਰ ਸਾਫਟਵੇਅਰ ਰਾਹੀਂ ਪ੍ਰੋਵਿਜ਼ਨਲ ਸੀਟ ਅਲਾਟ ਕੀਤੀ ਜਾਵੇਗੀ। ਸੀਟ ਅਲਾਟਮੈਂਟ ਹੇਠ ਲਿਖੇ ਨਿਯਮਾਂ ਅਨੁਸਾਰ ਹੋਵੇਗੀ:

**a)** ਸੀਟ ਅਲਾਟਮੈਂਟ ਉਮੀਦਵਾਰ ਵੱਲੋਂ ਆਨਲਾਈਨ ਭਰੀ ਗਈ ਜਾਣਕਾਰੀ ਦੇ ਆਧਾਰ 'ਤੇ ਕੀਤੀ ਜਾਵੇਗੀ।

**b)** ਜੇਕਰ ਕੋਈ ਉਮੀਦਵਾਰ ਰਾਖਵੀਂ ਕੈਟਾਗਰੀ (ਜਿਵੇਂ SC, BC ਆਦਿ) ਨਾਲ ਸਬੰਧਤ ਹੈ, ਤਾਂ ਉਸ ਵੱਲੋਂ ਰਾਖਵੀਂ ਕੈਟਾਗਰੀ ਵਿੱਚ ਕਾਲਜ ਦੀ ਦਿੱਤੀ ਤਰਜੀਹ ਤੇ ਜੇਕਰ ਓਪਨ ਕੈਟਾਗਰੀ ਵਿੱਚ ਸੀਟ ਉਪਲੱਧ ਹੈ ਤਾਂ ਉਸ ਨੂੰ ਓਪਨ ਕੈਟਾਗਿਰੀ ਦੀ ਸੀਟ ਦਿੱਤੀ ਜਾਵੇਗੀ। ਓਪਨ ਕੈਟਾਗਰੀ ਵਿੱਚ ਸੀਟ ਉਪਲਬਧ ਨਾ ਹੋਣ ਤੇ ਹੀ ਉਸ ਵੱਲੋਂ ਭਰੀ ਗਈ ਸਬੰਧਤ ਰਾਖਵੀਂ ਕੈਟਾਗਰੀ ਵਿੱਚ ਵਿਚਾਰ ਜਾਵੇਗਾ।

**c)** ਜੇਕਰ ਉਮੀਦਵਾਰ ਨੇ Government Quota ਅਤੇ Management Quota ਦੋਵੇਂ ਵਿੱਚ Preferences ਭਰੀਆਂ ਹਨ, ਤਾਂ ਪਹਿਲਾਂ ਉਸ ਨੂੰ Government Quota ਦੀ ਸੀਟ ਲਈ ਵਿਚਾਰਿਆ ਜਾਵੇਗਾ। Government Quota ਵਿੱਚ ਸੀਟ ਉਪਲਬਧ ਨਾ ਹੋਣ ਦੀ ਸੂਰਤ ਵਿੱਚ ਹੀ Management Quota ਦੀ ਸੀਟ ਅਲਾਟ ਕੀਤੀ ਜਾਵੇਗੀ।

**d)** ਪ੍ਰਾਈਵੇਟ ਨਰਸਿੰਗ ਕਾਲਜਾਂ ਵਿੱਚ Government Quota ਅਤੇ Management Quota ਦੀ ਟਿਊਸ਼ਨ ਫੀਸ ਇੱਕੋ ਜਿਹੀ ਹੈ। ਇਸ ਲਈ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਪਸੰਦੀਦਾ ਕਾਲਜ ਲਈ Government Quota ਦੇ ਨਾਲ-ਨਾਲ Management Quota ਦੀਆਂ Preferences ਵੀ ਜ਼ਰੂਰ ਭਰਨ।

**ਉਦਾਹਰਨ:**

| ਕ੍ਰਮ ਸੰਖਿਆ | ਕਾਲਜ ਦਾ ਨਾਮ | ਕੋਟਾ |
|---|---|---|
| 1 | AAAA College of Nursing | Government |
| 2 | AAAA College of Nursing | Management |

**ਨੋਟ:** ਉਮੀਦਵਾਰ ਆਪਣੀ ਸਬੰਧਤ ਕੈਟਾਗਰੀ (General, SC, BC ਆਦਿ) ਅਧੀਨ Government Quota ਅਤੇ Management Quota ਲਈ ਵੱਖ-ਵੱਖ Preferences ਭਰਨਗੇ।

**(e)** Management Quota ਅਧੀਨ SC ਕੈਟਾਗਰੀ ਦੀਆਂ ਸੀਟਾਂ ਕੇਵਲ ਉਹਨਾਂ SC ਉਮੀਦਵਾਰਾਂ ਨੂੰ ਹੀ ਅਲਾਟ ਕੀਤੀਆਂ ਜਾਣਗੀਆਂ, ਜਿਨ੍ਹਾਂ ਨੇ Management Quota ਲਈ Preferences ਭਰੀਆਂ ਹੋਣ।

3. ਪ੍ਰੋਵਿਜ਼ਨਲ ਸੀਟ ਅਲਾਟਮੈਂਟ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ। ਅਲਾਟ ਹੋਈ ਸੀਟ ਵਾਲੇ ਉਮੀਦਵਾਰ ਨੂੰ ਨਿਰਧਾਰਤ ਸਮੇਂ ਦੇ ਅੰਦਰ ਆਪਣੇ ਅਸਲ ਦਸਤਾਵੇਜ਼ਾਂ ਸਮੇਤ ਸਬੰਧਤ ਕਾਲਜ ਵਿੱਚ ਰਿਪੋਰਟ ਕਰਨਾ ਲਾਜ਼ਮੀ ਹੋਵੇਗਾ। ਕਾਲਜ ਵੱਲੋਂ ਦਸਤਾਵੇਜ਼ਾਂ ਅਤੇ ਯੋਗਤਾ ਦੀ ਜਾਂਚ ਕਰਨ ਉਪਰੰਤ ਯੋਗ ਉਮੀਦਵਾਰ ਨੂੰ ਯੂਨੀਵਰਸਿਟੀ ਦੇ Payment Gateway ਰਾਹੀਂ ਟਿਊਸ਼ਨ ਫੀਸ ਜਮ੍ਹਾਂ ਕਰਵਾਉਣੀ ਹੋਵੇਗੀ। ਯੂਨੀਵਰਸਿਟੀ ਵੱਲੋਂ ਰਜਿਸਟ੍ਰੇਸ਼ਨ ਹੋਣ ਤੱਕ ਦਾਖਲਾ ਆਰਜ਼ੀ (Provisional) ਮੰਨਿਆ ਜਾਵੇਗਾ।
4. ਦੂਜੇ ਰਾਊਂਡ ਦੀ ਆਨਲਾਈਨ ਕਾਊਂਸਲਿੰਗ ਲਈ ਉਮੀਦਵਾਰਾਂ ਤੋਂ ਕਾਲਜ, ਕੋਟਾ ਅਤੇ ਕੈਟਾਗਰੀ ਦੀਆਂ Preferences/Choices ਮੁੜ ਆਨਲਾਈਨ ਮੰਗੀਆਂ ਜਾਣਗੀਆਂ।
5. ਜਿਹੜੇ ਉਮੀਦਵਾਰ ਪਹਿਲੇ ਰਾਊਂਡ ਵਿੱਚ ਅਲਾਟ ਹੋਈ ਸੀਟ ਨਾਲ ਸੰਤੁਸ਼ਟ ਹਨ, ਉਨ੍ਹਾਂ ਨੂੰ ਦੂਜੇ ਰਾਊਂਡ ਵਿੱਚ ਨਵੀਆਂ Preferences ਭਰਨ ਦੀ ਲੋੜ ਨਹੀਂ ਹੈ।
6. ਦੂਜੇ ਰਾਊਂਡ ਵਿੱਚ ਵੀ ਉਮੀਦਵਾਰਾਂ ਨੂੰ ਉਨ੍ਹਾਂ ਦੀ ਮੈਰਿਟ, ਭਰੀਆਂ Preferences ਅਤੇ ਉਪਲਬਧ ਸੀਟਾਂ ਦੇ ਆਧਾਰ 'ਤੇ ਕੰਪਿਊਟਰ ਸਾਫਟਵੇਅਰ ਰਾਹੀਂ ਪ੍ਰੋਵਿਜ਼ਨਲ ਸੀਟ ਅਲਾਟ ਕੀਤੀ ਜਾਵੇਗੀ।
7. ਸੀਟ ਅਲਾਟ ਹੋਣ ਤੋਂ ਬਾਅਦ ਉਮੀਦਵਾਰ ਲਈ ਯੂਨੀਵਰਸਿਟੀ ਦੇ ਆਨਲਾਈਨ ਪੋਰਟਲ ਰਾਹੀਂ ਟਿਊਸ਼ਨ ਫੀਸ ਜਮ੍ਹਾਂ ਕਰਵਾਉਣਾ ਅਤੇ ਯੋਗਤਾ ਦੀ ਜਾਂਚ ਅਤੇ ਮੈਡੀਕਲ ਜਾਂਚ ਲਈ ਸਬੰਧਤ ਕਾਲਜ ਵਿੱਚ ਰਿਪੋਰਟ ਕਰਨਾ ਲਾਜ਼ਮੀ ਹੈ। ਜੇਕਰ ਉਮੀਦਵਾਰ ਨਿਰਧਾਰਤ ਸਮੇਂ ਅੰਦਰ ਰਿਪੋਰਟ ਨਹੀਂ ਕਰਦਾ ਜਾਂ ਫੀਸ ਜਮ੍ਹਾਂ ਨਹੀਂ ਕਰਵਾਉਂਦਾ, ਤਾਂ ਉਸਦੀ ਅਲਾਟ ਹੋਈ ਸੀਟ ਆਪਣੇ ਆਪ ਰੱਦ ਮੰਨੀ ਜਾਵੇਗੀ।
8. ਯੂਨੀਵਰਸਿਟੀ ਵੱਲੋਂ ਪ੍ਰਾਪਤ ਕੀਤੀ ਜਾਣ ਵਾਲੀ ਸਲਾਨਾ ਟਿਊਸ਼ਨ ਫੀਸ ਹੇਠ ਲਿਖੇ ਅਨੁਸਾਰ ਹੈ:
    - ਸਰਕਾਰੀ ਕਾਲਜ: ₹53,600/-

- ਪ੍ਰਾਈਵੇਟ ਕਾਲਜ: ₹67,000/-

ਦਾਖਲੇ ਦੀ ਅੰਤਿਮ ਮਿਤੀ ਤੋਂ ਬਾਅਦ ਇਹ ਫੀਸ ਸਬੰਧਤ ਕਾਲਜ ਨੂੰ ਟ੍ਰਾਂਸਫਰ ਕਰ ਦਿੱਤੀ ਜਾਵੇਗੀ।

**ਨੋਟ**: ਉਪਰੋਕਤ ਹਦਾਇਤਾਂ ਉਮੀਦਵਾਰਾਂ ਦੀ ਜਾਣਕਾਰੀ ਲਈ ਆਨਲਾਈਨ ਕਾਊਂਸਲਿੰਗ ਕਰਵਾਉਣ ਲਈ ਨਿਯੁਕਤ (Hired) ਏਜੰਸੀ ਨੂੰ ਭੇਜਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।